ਗੁਰਜੀਤ ਔਜਲਾ ਦੇ ਹੱਕ ਵਿੱਚ ਹਰਪ੍ਰਤਾਪ ਅਜਨਾਲਾ ਵੱਲੋਂ ਰੈਲੀ

ਅੰਮ੍ਰਿਤਸਰ, 3 ਮਈ (ਬਬਲੂ ਮਹਾਜਨ): ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਦੀ ਅਗਵਾਈ ਹੇਠ ਅੱਜ ਹਲਕਾ ਅਜਨਾਲਾ ਵਿੱਚ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਗੁਰਜੀਤ ਸਿੰਘ ਔਜਲਾ ਦੇ ਹੱਕ ਵਿੱਚ ਰੈਲੀ ਕੀਤੀ ਗਈ, ਜਿਸ ਵਿੱਚ ਹਰਪ੍ਰਤਾਪ ਅਜਨਾਲਾ ਨੇ ਕਿਹਾ ਕਿ ਕਾਂਗਰਸ ਇਸ ਵਾਰ ਭਾਰੀ ਵੋਟਾਂ ਨਾਲ ਜਿੱਤ ਕੇ ਦੇਸ਼ ਅਤੇ ਸੰਵਿਧਾਨ ਨੂੰ ਬਚਾਉਣ ਵਿੱਚ ਸਫਲ ਹੋਵੇਗੀ। **ਮੱਥਾ ਟੇਕਣ ਤੋਂ ਬਾਅਦ ਕੀਤੀ ਸ਼ੁਰੂਆਤ**: ਗੁਰਜੀਤ ਸਿੰਘ ਔਜਲਾ ਨੇ ਅੱਜ ਰਮਦਾਸ ਸਥਿਤ ਗੁਰਦੁਆਰਾ ਸਮਾਧ ਬਾਬਾ ਬੁੱਢਾ ਜੀ ਸਾਹਿਬ ਵਿਖੇ ਮੱਥਾ ਟੇਕਿਆ। ਉਸ ਤੋਂ ਬਾਅਦ ਲੋਕ ਸਭਾ ਚੋਣਾਂ ਦੇ ਸਬੰਧ ਵਿੱਚ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਦੀ ਅਗਵਾਈ ਵਿੱਚ ਰਮਦਾਸ ਦੇ ਸੈਣੀ ਪੈਲੇਸ ਵਿਖੇ ਸ਼੍ਰੀ ਗੁਰਜੀਤ ਔਜਲਾ ਦੇ ਹੱਕ ਵਿੱਚ ਕੀਤੀ ਵਿਸ਼ਾਲ ਰੈਲੀ ਵਿੱਚ ਭਾਗ ਲਿਆ। **ਭਾਰਤ ਵੱਖ-ਵੱਖ ਧਰਮਾਂ ਦਾ ਦੇਸ਼ ਹੈ**: ਇਸ ਸਮੇਂ ਬੋਲਦਿਆਂ ਸ਼੍ਰੀ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਭਾਰਤ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਹਨ ਅਤੇ ਕਾਂਗਰਸ ਪਾਰਟੀ ਹਰ ਧਰਮ ਦਾ ਸਤਿਕਾਰ ਕਰਦੀ ਹੈ ਜਦਕਿ ਭਾਜਪਾ ਦੇਸ਼ ਨੂੰ ਸਿਰਫ ਧਰਮ ਦੇ ਨਾਂ 'ਤੇ ਵੰਡਣਾ ਚਾਹੁੰਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਠੇਕੇਦਾਰੀ ਸਿਸਟਮ ਬੰਦ ਕਰਕੇ ਮਜ਼ਦੂਰ ਦੀ ਦਿਹਾੜੀ 400 ਰੁਪਏ ਕਰ ਦਿੱਤੀ ਜਾਵੇਗੀ। ਅਗਨੀ ਵੀਰ ਸਕੀਮ ਬੰਦ ਕਰਕੇ ਫੌਜ ਵਿੱਚ ਰੈਗੂਲਰ ਭਰਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੀ ਪਾਰਟੀ ਹੈ ਅਤੇ ਹਮੇਸ਼ਾ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਹੈ। ਇਸ ਵਾਰ ਵੀ ਲੋਕਾਂ ਦੀ ਭਲਾਈ ਅਤੇ ਸੰਵਿਧਾਨ ਨੂੰ ਬਚਾਉਣਾ ਦੋਵੇਂ ਹੀ ਅਹਿਮ ਹਨ, ਇਸ ਲਈ ਭਾਜਪਾ ਨੂੰ ਪਾਸੇ ਕਰ ਕੇ ਕਾਂਗਰਸ ਨੂੰ ਜਿੱਤ ਦਿਵਾਉਣੀ ਬਹੁਤ ਜ਼ਰੂਰੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਅਜਨਾਲਾ ਦੇ ਸਪੁੱਤਰ ਕੰਵਰ ਪ੍ਰਤਾਪ ਅਜਨਾਲਾ, ਬਲਾਕ ਪ੍ਰਧਾਨ ਗੁਰਪਾਲ ਸਿੱਧੀ, ਐਡਵੋਕੇਟ ਰਾਕੇਸ਼ ਕਾਠੀਆ, ਯੁਗਰਾਜ ਅਜਨਾਲਾ, ਵਿਸ਼ਾਲ ਕਾਠੀਆ, ਸੁਖਜਿੰਦਰ ਸਿੰਘ ਗੁਜਰਪੁਰਾ, ਜਗਰੂਪ ਸਿੰਘ ਪ੍ਰਦਾਰ, ਦਿਲਬਾਗ ਸਿੰਘ ਫਰਬੜੀਆ, ਸਰਪੰਚ ਯੂਨੀਅਨ ਦੇ ਪ੍ਰਧਾਨ ਸੁਖਰਾਜ ਰੰਧਾਵਾ, ਸ੍ਰ. ਸਿੰਘ, ਸਰਪੰਚ ਸੁਖਵੰਤ ਸਿੰਘ ਚੇਤਨਪੁਰਾ, ਸ਼ੇਰਾ ਮੱਝੂਪੁਰੀਆ ਤੇ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ । 250 **ਪਰਿਵਾਰ ਭਾਜਪਾ ਛੱਡ ਕੇ ਕਾਂਗਰਸ 'ਚ ਸ਼ਾਮਲ ਹੋਏ**: ਅੱਜ ਭਾਜਪਾ ਦੀਆਂ ਨੀਤੀਆਂ ਤੋਂ ਨਾਰਾਜ਼ ਹੋ ਕੇ 250 ਦੇ ਕਰੀਬ ਪਰਿਵਾਰਾਂ ਨੇ ਕਾਂਗਰਸ ਨਾਲ ਹੱਥ ਮਿਲਾ ਲਿਆ। ਪੰਜਾਬ ਕਾਂਗਰਸ ਓਬੀਸੀ ਪ੍ਰਧਾਨ ਸਰਬਜੀਤ ਸਿੰਘ ਸੋਨੂੰ ਦੀ ਪ੍ਰਧਾਨਗੀ ਹੇਠ ਰਾਹੁਲ ਬਾਸਰਕੇ ਨੇ ਆਪਣੇ 250 ਸਾਥੀਆਂ ਸਮੇਤ ਕਾਂਗਰਸ ਨੂੰ ਸਮਰਥਨ ਦੇਣ ਦਾ ਅਹਿਦ ਲਿਆ। ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ ਅੱਜ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਭਰੋਸਾ ਦਿੱਤਾ ਕਿ ਕਾਂਗਰਸ ਉਨ੍ਹਾਂ ਦਾ ਹਰ ਕਦਮ 'ਤੇ ਸਾਥ ਦੇਵੇਗੀ। ਇਸ ਮੌਕੇ ਮਨਿੰਦਰ ਸਿੰਘ, ਬਖਸ਼ੀਸ਼ ਸਿੰਘ, ਇੰਦਰਜੀਤ ਸਿੰਘ, ਸੁਵਿੰਦਰ ਸਿੰਘ, ਵਿਜੇ ਸਿੰਘ, ਪ੍ਰਧਾਨ ਸ਼ੈਰੀ ਆਦਿ ਹਾਜ਼ਰ ਸਨ।

ਰਾਜਾ ਵੜਿੰਗ ਦੀ ਪਤਨੀ ਵੱਲੋਂ ਬੋਲੇ ਗਏ ਬੋਲ ਨਿੰਦਣਯੋਗ: ਜਥੇਦਾਰ ਬਾਬਾ ਬਲਦੇਵ ਸਿੰਘ

ਕਲਾਨੌਰ 3 ਮਈ (ਕਮਲਜੀਤ ਸਿੰਘ/ਇਕਬਾਲ ਸਿੰਘ ਵਾਲੀਆ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਅਤੇ ਜਨਰਲ ਸਕੱਤਰ ਭਾਈ ਗੁਰਬਚਨ ਸਿੰਘ ਗਰੇਵਾਲ ਵੱਲੋਂ ਬੀਬੀ ਅੰਮ੍ਰਿਤਾ ਵੜਿੰਗ ਵੱਲੋਂ ਕਾਂਗਰਸ ਦੇ ਖ਼ੂਨੀ ਪੰਜੇ ਨੂੰ ਗੁਰੂਆਂ ਦਾ ਪੰਜਾ ਦੱਸਣ ਦਾ ਸਖਤ ਨੋਟਿਸ ਲੈਣ ਤੋਂ ਬਾਅਦ ਮਾਝੇ ਦੇ ਤਰਨਾ ਦਲ ਜਥੇਦਾਰ ਬਾਬਾ ਬਲਦੇਵ ਸਿੰਘ ਅੰਸ ਬੰਸ ਸ਼ਹੀਦ ਬਾਬਾ ਆਤਮਾ ਸਿੰਘ ਨਨਕਾਣਾ ਸਾਹਿਬ ਵਾਲਿਆਂ ਨੇ ਵੀ ਅੰਮ੍ਰਿਤਾ ਵੜਿੰਗ ਦੀ ਗਲਤੀ ਦੀ ਨਿੰਦਾ ਕਰਦਿਆਂ ਅਤੇ ਮਾਫੀ ਮੰਗਣ ਦੇ ਨਾਲ ਨਾਲ ਚੋਣ ਕਮਿਸ਼ਨਰ ਤੋਂ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਅਪੀਲ ਕੀਤੀ ਹੈ।

ਡਾ. ਦਲਜੀਤ ਸਿੰਘ ਚੀਮਾ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਤੇ ਇਤਿਹਾਸਿਕ ਮੰਦਰਾਂ 'ਚ ਹੋਏ ਨਤਮਸਤਕ

ਕਲਾਨੌਰ,3ਮਈ (ਕਮਲਜੀਤ ਸਿੰਘ/ਇਕਬਾਲ ਸਿੰਘ ਵਾਲੀਆ): ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਵਿੱਚ ਆਪਣੇ ਚੋਣ ਪ੍ਰਚਾਰ ਦੌਰਾਨ ਅੱਜ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, ਪ੍ਰਚੀਨ ਸ਼ਿਵਾ ਜੀ ਮੰਦਰ ਬਾਵਾ ਲਾਲ ਜੀ ਮੰਦਰ, ਬਾਲਮੀਕੀ ਮੰਦਰ ਕਲਾਨੌਰ 'ਚ ਨਸਮਸਤਕ ਹੋਏ ਅਤੇ ਸਫਲਤਾ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਮਹਾਨ ਯੋਧੇ, ਲਾਸਾਨੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦੇ ਯਾਦਗਾਰੀ ਅਸਥਾਨ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਸਕੂਨ ਹਾਸਲ ਹੋਇਆ ਹੈ। ਇਸ ਤੋਂ ਬਾਅਦ ਉਹ ਸਾਬਕਾ ਸਰਪੰਚ ਓਮ ਪ੍ਰਕਾਸ਼ ਦੇ ਘਰ ਉਨ੍ਹਾਂ ਨੂੰ ਮਿਲਣ ਵੀ ਗਏ। ਡਾ. ਚੀਮਾ ਨੇ ਆਖਿਆ ਕਿ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੇ ਹਨ ਕਿ ਗੁਰੂ ਸਾਹਿਬਾਨ ਤੇ ਯੋਧਿਆਂ-ਸੂਰਬੀਰਾਂ ਦੀ ਧਰਤੀ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸੇਵਾ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਲੋਕ ਸਭਾ ਚੋਣ ਜਿੱਤ ਕੇ ਇਸ ਹਲਕੇ ਦੀਆਂ ਪਵਿੱਤਰ ਤੇ ਇਤਿਹਾਸਕ ਥਾਵਾਂ ਦੇ ਸੁੰਦਰੀਕਰਨ ਲਈ ਕੇਂਦਰੀ ਫੰਡ ਲੈ ਕੇ ਆਉਣਗੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਡਾ. ਚੀਮਾ ਦਾ ਸਿਰੋਪਾਓ ਅਤੇ ਸ੍ਰੀਸਾਹਿਬ ਦੇ ਨਾਲ ਸਨਮਾਨ ਪ੍ਰਾਚੀਨ ਸ਼ਿਵਾ ਮੰਦਰ ਕਮੇਟੀ ਵੱਲੋਂ ਵੀ ਡਾਕਟਰ ਚੀਮਾ ਦਾ ਸਨਮਾਨ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਡੇਰਾ ਬਾਬਾ ਨਾਨਕ ਤੋਂ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ, ਹਰਕੀਰਤ ਸਿੰਘ ਪੱਡਾ, ਅੰਮ੍ਰਿਤਪਾਲ ਸਿੰਘ ਅਲਾਵਲਪੁਰ, ਜਗਤਾਰ ਸਿੰਘ ਗੋਸਲ, ਰਣਜੀਤ ਸਿੰਘ, ਗਗਨਦੀਪ ਸਿੰਘ ਗੱਗੂ, ਇੰਦਰਜੀਤ ਸਿੰਘ, ਕੁਲਵੰਤ ਰਾਏ, ਹਰਜਿੰਦਰ ਸਿੰਘ, ਹਰਮਨਪ੍ਰੀਤ ਸਿੰਘ, ਜਸਵੰਤ ਸਿੰਘ, ਪਰਦੀਪ ਬਲਹੋਤਰਾ, ਭਜਨ ਸਿੰਘ, ਸਤਪਾਲ ਸਿੰਘ, ਗੁਰਮੀਤ ਸਿੰਘ ਰੇਣੂੰ ਅਤੇ ਰਛਪਾਲ ਸਿੰਘ ਡੂਕੇ ਬੀਬੀ ਬਲਵਿੰਦਰ ਕੌਰ ਵਡਾਲਾ ਬਾਂਗਰ ਸਾਬਕਾ ਸਰਪੰਚ ਧਿਆਨ ਸਿੰਘ ਮੁਸਤਫਾਪੁਰ ਆਦਿ ਵੀ ਹਾਜ਼ਰ ਸਨ।

ਸੰਤੁਲਿਤ ਖੁਰਾਕ 'ਤੇ ਕਰਵਾਇਆ ਵਿਸ਼ੇਸ਼ ਲੈਕਚਰ

ਸ੍ਰੀ ਅਨੰਦਪੁਰ ਸਾਹਿਬ, 3 ਮਈ (ਤਰਲੋਚਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਸਥਿਤ ਮਾਤਾ ਜੀਤੋ ਜੀ ਗਰਲਜ਼ ਹੋਸਟਲ ਵਿੱਚ ਰਹਿ ਰਹੀਆਂ ਵਿਦਿਆਰਥਣਾਂ ਲਈ ਸੰਤੁਲਿਤ ਖੁਰਾਕ ਤੇ ਗੈਸਟ ਲੈਕਚਰ ਕਰਵਾਇਆ ਗਿਆ। ਗੈਸਟ ਲੈਕਚਰ ਵਿੱਚ ਮੈਡਮ ਪਰਮਪ੍ਰੀਤ ਕੌਰ (ਜ਼ਿਮ ਟਰੇਨਰ ਅਤੇ ਡਾਇਟੀਸ਼ਿਅਨ) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਲੈਕਚਰ ਵਿੱਚ ਉਹਨਾਂ ਨੇ ਲੜਕੀਆਂ ਨੂੰ ਭੋਜਨ ਦੀ ਮਹੱਤਤਾ ਅਤੇ ਕਸਰਤ ਦੀ ਲੋੜ ਉੱਤੇ ਚਾਨਣਾ ਪਾਇਆ। ਉਹਨਾਂ ਨੇ ਦੱਸਿਆ ਕਿ ਜੇਕਰ ਭੋਜਨ ਨੂੰ ਸਹੀ ਸਮੇਂ ਸਹੀ ਮਾਤਰਾ ਵਿੱਚ ਲਿਆ ਜਾਵੇ ਅਤੇ ਨਾਲ ਕਸਰਤ ਕੀਤੀ ਜਾਵੇ ਤਾਂ ਸਾਡਾ ਸਰੀਰ ਬਿਮਾਰੀਆਂ ਤੋਂ ਰਹਿਤ ਰਹਿੰਦਾ ਹੈ। ਉਹਨਾਂ ਨੇ ਦੱਸਿਆ ਕਿ ਅਜੋਕੇ ਸਮੇਂ ਦੇ ਨੌਜਵਾਨ ਵਰਗ ਵਿੱਚ ਜ਼ਿਆਦਾਤਰ ਫਾਸਟ ਫੂਡ ਨੂੰ ਵਧੇਰੇ ਅਹਿਮੀਅਤ ਦਿੱਤੀ ਜਾਂਦੀ ਹੈ। ਜੋ ਕਿ ਸਾਡੇ ਸਰੀਰ ਲਈ ਨੁਕਸਾਨਦੇਹ ਹਨ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਕਿਹਾ ਕਿ ਘਰੇਲੂ ਭੋਜਨ ਨੂੰ ਵੱਧ ਤੋਂ ਵੱਧ ਅਹਿਮੀਅਤ ਦੇਣੀ ਚਾਹੀਦੀ ਹੈ ,ਕਿਉਂਕਿ ਉਹ ਭੋਜਨ ਪੋਸ਼ਕ ਤੱਤ ਭਰਪੂਰ ਅਤੇ ਸਾਫ ਸੁਥਰਾ ਹੁੰਦਾ ਹੈ, ਜਿਸ ਨਾਲ ਸਾਡੇ ਸਰੀਰ ਨੂੰ ਤਾਕਤ ਮਿਲਦੀ ਹੈ ਅਤੇ ਕਸਰਤ ਨਾਲ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ, ਭਾਵ ਕਸਰਤ ਨਾਲ ਸਾਡਾ ਸਰੀਰ ਰਿਸ਼ਟ-ਪੁਸ਼ਟ ਰਹਿੰਦਾ ਹੈ ਅਤੇ ਅਸੀਂ ਬਿਮਾਰੀਆਂ ਤੋਂ ਬਚੇ ਰਹਿੰਦੇ ਹਾਂ। ਇਸ ਦੌਰਾਨ ਹੋਸਟਲ ਵਾਰਡਨ ਅਤੇ ਵਿਦਿਆਰਥਣਾਂ ਵੱਲੋਂ ਮੈਡਮ ਪਰਮਜੀਤ ਕੌਰ ਦਾ ਸਨਮਾਨ ਵੀ ਕੀਤਾ ਗਿਆ। ਇਸ ਲੈਕਚਰ ਦਾ ਆਯੋਜਨ ਮਾਤਾ ਜੀਤੋ ਜੀ ਹੋਸਟਲ ਦੇ ਵਾਰਡਨ ਪ੍ਰੋ. ਸਨਮਪ੍ਰੀਤ ਅਤੇ ਡਾ. ਸ਼ੈਲੀ ਦੁਆਰਾ ਕੀਤਾ ਗਿਆ।

ਅੰਦਲੀਬ ਕੌਰ ਔਜਲਾ ਨੇ ਕੀਤਾ ਪਤੀ ਗੁਰਜੀਤ ਸਿੰਘ ਔਜਲਾ ਲਈ ਚੋਣ ਪ੍ਰਚਾਰ

ਅੰਮ੍ਰਿਤਸਰ, 3 ਮਈ (ਬਬਲੂ ਮਹਾਜਨ): ਕਾਂਗਰਸ ਲੋਕ ਸਭਾ ਉਮੀਦਵਾਰ ਗੁਰਜੀਤ ਸਿੰਘ ਔਜਲਾ ਦੀ ਪਤਨੀ ਅੰਦਲੀਬ ਕੌਰ ਔਜਲਾ ਨੇ ਹਾਲ ਬਾਜ਼ਾਰ ਕਟਰਾ ਬੱਗੀਆਂ ਘਟਨਾ ਜੈਮਲ ਸਿੰਘ ਹਿੰਦੁਸਤਾਨੀ ਬਸਤੀ ਵਿਚ ਲੋਕਾਂ ਦੇ ਘਰਾਂ ਵਿਚ ਜਾ ਕੇ ਅਤੇ ਦੁਕਾਨਦਾਰਾਂ ਗੁਰਜੀਤ ਸਿੰਘ ਔਜਲਾ ਦੇ ਲਈ ਚੋਣ ਪ੍ਰਚਾਰ ਕੀਤਾ। ਅੰਦਲੀਬ ਕੌਰ ਔਜਲਾ ਨੇ ਕਿਹਾ ਕਿ ਅੰਮ੍ਰਿਤਸਰ ਅਤੇ ਦੇਸ਼ ਦੇ ਵਿਕਾਸ ਲਈ ਹੁਣ ਕਾਂਗਰਸ ਦਾ ਆਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਲੋਕ ਗੁਰਜੀਤ ਸਿੰਘ ਔਜਲਾ ਦੇ ਨਾਲ ਹਨ। ਉਨ੍ਹਾਂ ਨੂੰ ਲੋਕਾਂ ਵੱਲੋਂ ਭਰਪੂਰ ਪਿਆਰ ਮਿਲ ਰਿਹਾ ਹੈ ਅਤੇ ਇਸੇ ਪਿਆਰ ਸਦਕਾ ਗੁਰੂ ਨਗਰੀ ਦੇ ਲੋਕ ਗੁਰੂ ਨਗਰੀ ਦੀ ਸੇਵਾ ਲਈ ਔਜਲਾ ਨੂੰ ਤੀਜੀ ਵਾਰ ਸੰਸਦ ਚ ਭੇਜਣ ਲਈ ਤਿਆਰ ਹਨ।ਅੰਦਲੀਬ ਕੌਰ ਨੇ ਕਿਹਾ ਕਿ ਕਾਂਗਰਸ ਸਿਰਫ਼ ਝੂਠੇ ਵਾਅਦਿਆਂ ਤੇ ਹੀ ਸਰਕਾਰ ਨਹੀਂ ਬਣਾਉਣਾ ਚਾਹੁੰਦੀ, ਸਗੋਂ ਉਹ ਹਰ ਵਾਅਦੇ ਨੂੰ ਪੂਰਾ ਕਰ ਕੇ ਦੇਸ਼ ਨੂੰ ਵਿਕਾਸ ਦੇ ਰਾਹ ਤੇ ਲੈ ਕੇ ਜਾਵੇਗੀ ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਬਹੁਤ ਸੋਚ ਸਮਝ ਕੇ ਚੋਣ ਮਨੋਰਥ ਪੱਤਰ ਤਿਆਰ ਕੀਤਾ ਹੈ ਅਤੇ ਇਸ ਅਨੁਸਾਰ ਹਰ ਵਰਗ ਨੂੰ ਲਾਭ ਦਿੱਤਾ ਜਾਵੇਗਾ। ਕਿਸੇ ਨੂੰ ਵੀ ਜਾਤ, ਧਰਮ ਅਤੇ ਧਰਮ ਦੇ ਨਾਂ ਤੇ ਵੰਡਿਆ ਨਹੀਂ ਜਾਵੇਗਾ। ਇਸ ਮੌਕੇ ਕੌਂਸਲਰ ਮਤਾਂਜਲੀ ਸ਼ਰਮਾ ਕਾਂਗਰਸੀ ਆਗੂ ਸੁਨੀਲ ਕੌਂਟੀ ਅਤੇ ਹੋਰ ਮੈਂਬਰ ਨਾਲ ਸਨ।

ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਅਦਾਰਾ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਜਨਤਕ ਸੂਚਨਾ

ਵਿਸ਼ਾ : ਅਲਾਟੀ/ਟ੍ਰਾਂਸਫਰੀ ਸ੍ਰੀ ਅਨਿਲ ਸਪਰਾ ਸਪੁੱਤਰ ਸ੍ਰੀ ਤੀਰਥ ਰਾਮ ਦੀ ਬੇਵਸੀਅਤੀ ਮੌਤ 'ਤੇ (1) ਸ੍ਰੀਮਤੀ ਰੰਜਨਾ ਸੁਪਤਨੀ ਸਵ. ਸ੍ਰੀ ਅਨਿਲ ਸਪਰਾ (2) ਮਿਸ ਆਸਥਾ ਸਪਰਾ ਸਪੁੱਤਰੀ ਸਵ. ਸ੍ਰੀ ਅਨਿਲ ਸਪਰਾ (3) ਸ੍ਰੀ ਦਿਵੇਸ਼ ਸਪਰਾ ਸਪੁੱਤਰ ਸਵ. ਸ੍ਰੀ ਅਨਿਲ ਸਪਰਾ ਦੇ ਨਾਮ 'ਤੇ ਸੈਕਟਰ 63, ਚੰਡੀਗੜ੍ਹ ਵਿਚ ਬਲਾਕ ਨੰ. ਬੀ-7 ਵਿਚ ਦੋ ਬੈਡਰੂਮ ਫਲੈਟ ਵਰਗ ਦੇ ਡੀਯੂ ਨੰਬਰ 2166, ਪਾਰਕਿੰਗ ਨੰ. ਬੀ-7/ ਸੀਐਸਓ/296 ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 63, ਚੰਡੀਗੜ੍ਹ ਵਿਚ ਬਲਾਕ ਨੰ. ਬੀ-7 ਵਿਚ ਦੋ ਬੈਡਰੂਮ ਫਲੈਟ ਵਰਗ ਦੇ ਡੀਯੂ ਨੰਬਰ 2166, ਪਾਰਕਿੰਗ ਨੰ. ਬੀ-7/ਸੀਐਸਓ/296** ਦੇ ਮਾਲਕ **ਸ੍ਰੀ ਅਨਿਲ ਸਪਰਾ ਸਪੁੱਤਰ ਸ੍ਰੀ ਤੀਰਥ ਰਾਮ** ਦੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਵੱਲੋਂ ਦਿੱਤੀ ਸੂਚਨਾ ਅਨੁਸਾਰ ਫਰੀਦਾਬਾਦ (ਹਰਿਆਣਾ) ਵਿਖੇ 22.09.2022 ਨੂੰ ਮੌਤ ਹੋ ਗਈ ਸੀ। **(1) ਸ੍ਰੀਮਤੀ ਰੰਜਨਾ ਸੁਪਤਨੀ ਸਵ. ਸ੍ਰੀ ਅਨਿਲ ਸਪਰਾ (2) ਮਿਸ ਆਸਥਾ ਸਪਰਾ ਸਪੁੱਤਰੀ ਸਵ. ਸ੍ਰੀ ਅਨਿਲ ਸਪਰਾ (3) ਸ੍ਰੀ ਦਿਵੇਸ਼ ਸਪਰਾ ਸਪੁੱਤਰ ਸਵ. ਸ੍ਰੀ ਅਨਿਲ ਸਪਰਾ** ਨੇ **ਸ੍ਰੀ ਅਨਿਲ ਸਪਰਾ ਸਪੁੱਤਰ ਸ੍ਰੀ ਤੀਰਥ ਰਾਮ** ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਮ 'ਤੇ **ਸੈਕਟਰ 63, ਚੰਡੀਗੜ੍ਹ ਵਿਚ ਬਲਾਕ ਨੰ. ਬੀ-7 ਵਿਚ ਦੋ ਬੈਡਰੂਮ ਫਲੈਟ ਵਰਗ ਦੇ ਡੀਯੂ ਨੰਬਰ 2166, ਪਾਰਕਿੰਗ ਨੰ. ਬੀ-7/ਸੀਐਸਓ/296** ਦੀ ਮਾਲਕੀ ਦੇ ਤਬਾਦਲੇ ਲਈ ਬਿਨੈ ਕੀਤਾ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ **(1) ਸ੍ਰੀਮਤੀ ਰੰਜਨਾ (ਸੁਪਤਨੀ) (2) ਮਿਸ ਆਸਥਾ ਸਪਰਾ (ਸਪੁੱਤਰੀ) (3) ਸ੍ਰੀ ਦਿਵੇਸ਼ ਸਪਰਾ (ਸਪੁੱਤਰ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

ਫਾਰਮ ਨੰ. 14
[ਦੇਖੋ ਨਿਯਮ-33(2)]

ਵਸੂਲੀ ਅਧਿਕਾਰੀ ਦਾ ਦਫਤਰ - 1/2
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17ਏ, ਚੰਡੀਗੜ੍ਹ-160017

ਮੰਗ ਸੂਚਨਾ (ਪ੍ਰਕਾਸ਼ਨ ਰਾਹੀਂ)
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./1062/2019
04.03.2024

ਸਟੇਟ ਬੈਂਕ ਆਫ ਇੰਡੀਆ
ਬਨਾਮ
ਅਕਾਲ ਹੌਜ਼ਰੀ

ਵੱਲ,
(ਸੀਡੀ 1) ਅਕਾਲ ਹੌਜ਼ਰੀ 687, ਮਾਲੀ ਗੰਜ, ਲੁਧਿਆਣਾ, ਰਾਹੀਂ ਇਸ ਦੇ ਪ੍ਰੋਪ. ਹਰਜਿੰਦਰ ਸਿੰਘ।
ਦੂਜਾ ਪਤਾ : ਮਾਰਫਤ ਦਰਸ਼ਨ ਲਾਲ, ਜਸਵੰਤ ਨਗਰ, ਸੇਖੇਵਾਲ, ਲੁਧਿਆਣਾ।
(ਸੀਡੀ 2) ਸ੍ਰੀ ਹਰਜਿੰਦਰ ਸਿੰਘ ਸਪੁੱਤਰ ਕਰਨੈਲ ਸਿੰਘ ਵਾਸੀ 5/ਈ01 ਐਸਏਐਨਆਰ ਵਿਹਾਰ, ਚੂਹੜਪੁਰ ਰੋਡ, ਨੇੜੇ ਸੰਗਮ ਪੈਲੇਸ, ਹੈਬੋਵਾਲ ਕਲਾਂ, ਲੁਧਿਆਣਾ, ਪੰਜਾਬ।

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/2076/2018 ਵਿਚ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ**-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 01.08.2018 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 14.75% **ਦੀ ਦਰ** 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ **ਰੁ. 27,96,817.30 (ਰੁਪਏ ਸਤਾਈ ਲੱਖ ਛਿਆਨਵੇਂ ਹਜ਼ਾਰ ਅੱਠ ਸੌ ਸਤਾਰਾਂ ਅਤੇ ਤੀਹ ਪੈਸੇ ਕੇਵਲ)** ਦੀ ਰਕਮ ਅਤੇ **ਰੁ. 60,005/- (ਰੁਪਏ ਸੱਠ ਹਜ਼ਾਰ ਪੰਜ ਕੇਵਲ)** ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ, ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਇਹ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 20.05.2024 **ਨੂੰ ਸਵੇਰੇ** 10.30 **ਵਜੇ** ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਤੁਹਾਡੇ ਅਸਾਸਿਆਂ ਦੇ ਵੇਰਵਿਆਂ ਦਾ ਇਕ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦੇ ਭੁਗਤਾਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 04.03.2024 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

SMFG Grihashakti
Nayi Asha. Naya Vishwas.

ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ

(ਸਾਬਕਾ ਤੌਰ 'ਤੇ ਫੂਲਰਟੋਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ ਤੋਂ ਜਾਣੂੰ)

• ਕਾਰਪੋਰੇਟ ਦਫਤਰ : 503 ਅਤੇ 504, ਪੰਜਵੀਂ ਮੰਜ਼ਿਲ, ਜੀ ਬਲਾਕ, ਇੰਸਪਾਇਰ ਬੀਕੇਸੀ, ਬੀਕੇਸੀ ਮੇਨ ਰੋਡ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ) ਮੁੰਬਈ-400051
• ਪੰਜੀਕ੍ਰਿਤ ਦਫਤਰ : ਮੇਘ ਟਾਵਰਜ਼, ਤੀਜੀ ਮੰਜ਼ਿਲ, ਪੁਰਾਣਾ ਨੰ. 307, ਨਵਾਂ ਨੰ. 165, ਪੂਨਾਮਾਲੀ ਹਾਈ ਰੋਡ, ਮਦੁਰਵੋਇਲ, ਚੇਨੱਈ-600095

ਅਚੱਲ ਸੰਪੱਤੀ ਲਈ ਕਬਜ਼ਾ ਸੂਚਨਾ [(ਅੰਤਿਕਾ 4), ਨਿਯਮ 8 (1)]

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ** *(ਸਾਬਕਾ ਤੌਰ 'ਤੇ ਫੂਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ ਤੋਂ ਜਾਣੂੰ)* ਇਕ ਹਾਊਸਿੰਗ ਫਾਇਨਾਂਸ ਕੰਪਨੀ (**ਨੈਸ਼ਨਲ ਹਾਊਸਿੰਗ ਬੈਂਕ ਨਾਲ ਪੰਜੀਕ੍ਰਿਤ (ਪੂਰੀ ਤਰ੍ਹਾਂ ਆਰਬੀਆਈ ਦੀ ਮਲਕੀਅਤ)**) (ਇਥੇ **"ਐਸਐਮਐਚਐਫਸੀ"** ਦੇ ਹਵਾਲੇ ਨਾਲ) ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੰਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਸਮੇਤ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰਾਂ (ਨਾਮ ਹੇਠਾਂ ਦਰਸਾਏ ਗਏ) ਨੂੰ ਸੱਦਾ ਦਿੰਦੇ ਹੋਏ ਧਾਰਾ 13 (2) ਅਧੀਨ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰਾਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਜਿਵੇਂ ਕਿ ਕਰਜ਼ਦਾਰ ਰਕਮ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ ਹਨ, ਇੱਥੇ ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨੂੰ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਇਥੇ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਰਕਮ ਅਤੇ ਉਸ ਉਪਰ ਵਿਆਜ, ਲਾਗਤਾਂ ਆਦਿ ਦੇ ਲਈ **"ਐਸਐਮਐਚਐਫਸੀ"** ਦੇ ਚਾਰਜ ਨਾਲ ਸੰਬੰਧਤ ਹੋਵੇਗੀ।

ਲ. ਨੰ.	ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ/ਕਰਜ਼ ਖਾਤਾ ਨੰਬਰ	ਸੁਰੱਖਿਅਤ ਸੰਪੱਤੀਆਂ ਦੇ ਵੇਰਵੇ (ਅਚੱਲ ਸੰਪੱਤੀ)	ਮੰਗ ਸੂਚਨਾ ਦੀ ਮਿਤੀ ਅਤੇ ਰਕਮ	ਕਬਜ਼ੇ ਦੀ ਮਿਤੀ
1.	**LAN:-610239211186800** 1. ਫੁਰਕਨ ਹੁਸੈਨ, ਮਾਰਫਤ ਸਲੀਮ ਹੁਸੈਨ 2. ਨਜਮਾ, ਮਾਰਫਤ ਸਲੀਮ ਹੁਸੈਨ	ਮਕਾਨ ਨੰ. 113/4 ਵਾਕਾ ਮੁਹੱਲਾ ਰਾਘੋਮਾਜਰਾ, ਜ਼ਿਲ੍ਹਾ ਪਟਿਆਲਾ। ਮਾਪ 61 ਵਰਗ ਗਜ਼, ਹੱਦਬੰਦੀ ਨਿਮਨ ਅਨੁਸਾਰ :- **ਪੂਰਬ** : ਮਕਾਨ 12 ਫੁੱਟ, **ਪੱਛਮ** : ਗਲੀ 9 ਫੁੱਟ , **ਉੱਤਰ** : ਸੁਰਿੰਦਰਪਾਲ ਦਾ ਮਕਾਨ 43 ਫੁੱਟ 8 ਇੰਚ+5 ਫੁੱਟ 3 ਇੰਚ, **ਦੱਖਣ** : ਗੁਰਪ੍ਰੀਤ ਕਥੂਰੀਆ ਦਾ ਮਕਾਨ 47 ਫੁੱਟ 6 ਇੰਚ। ਹੱਦਬੰਦੀ ਨਿਮਨ ਅਨੁਸਾਰ :- **ਉੱਤਰ** : ਸੁਰਿੰਦਰਪਾਲ ਦਾ ਮਕਾਨ, **ਦੱਖਣ** : ਗੁਰਪ੍ਰੀਤ ਕਥੂਰੀਆ ਦਾ ਮਕਾਨ, **ਪੂਰਬ** : ਮਕਾਨ 12 ਫੁੱਟ, **ਪੱਛਮ** : ਗਲੀ 9 ਫੁੱਟ।	**15.02.2024 Rs. 21,52,670/-** (ਰੁ. ਇੱਕੀ ਲੱਖ ਬਵੰਜਾ ਹਜ਼ਾਰ ਛੇ ਸੌ ਸੱਤਰ ਕੇਵਲ) **15.02.2024 ਦੇ ਅਨੁਸਾਰ**	**02.05.2024 (ਸੰਕੇਤਕ ਕਬਜ਼ਾ)**
2.	**LAN:-610139511124007** 1. ਗੋਵਿੰਦ ਪੰਡਿਤ ਸਪੁੱਤਰ ਕਿਸ਼ਨ ਦੇਵ 2. ਰਾਮ ਮਿਲਨ ਪਾਂਡੇ ਸਪੁੱਤਰ ਗੋਬਿੰਦ ਪੰਡਿਤ 3. ਰੇਨੂ ਦੇਵੀ ਸੁਪਤਨੀ ਗੋਬਿੰਦ ਪੰਡਿਤ	ਪਿੰਡ ਭਾਮੀਆਂ ਕਲਾਂ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 1998-99 ਦੇ ਲਈ ਜਮ੍ਹਾਂਬੰਦੀ ਦੇ ਅਨੁਸਾਰ ਖਸਰਾ ਨੰ. 25//2-25//9-24//5, ਖਾਤਾ ਨੰ. 195/209-199/213-203/2107 ਵਿਚ ਸ਼ਾਮਲ 100 ਵਰਗ ਗਜ਼ ਮਾਪ ਵਾਲਾ ਪਲਾਟ। ਹੱਦਬੰਦੀ ਨਿਮਨ ਅਨੁਸਾਰ :- **ਪੂਰਬ** : ਗੁਆਂਢੀ ਮਾਪ 20', **ਪੱਛਮ** :ਗਲੀ 20' ਚੌੜੀ ਮਾਪ 20', **ਉੱਤਰ** : ਗੁਆਂਢੀ ਮਾਪ 45', **ਦੱਖਣ** : ਸੰਸਾਰ ਚੰਦ ਮਾਪ 45' ਹੱਦਬੰਦੀ ਨਿਮਨ ਅਨੁਸਾਰ :- **ਉੱਤਰ** : ਗੁਆਂਢੀ, **ਦੱਖਣ** : ਸੰਸਾਰ ਚੰਦ, **ਪੂਰਬ** : ਗੁਆਂਢੀ, **ਪੱਛਮ** : ਗਲੀ 20' ਚੌੜੀ।	**15.02.2024 Rs. 16,07,879/-** (ਰੁ. ਸੋਲਾਂ ਲੱਖ ਸੱਤ ਹਜ਼ਾਰ ਅੱਠ ਸੌ ਉਣਾਸੀ ਕੇਵਲ) **15.02.2024 ਦੇ ਅਨੁਸਾਰ**	**02.05.2024 (ਸੰਕੇਤਕ ਕਬਜ਼ਾ)**
3.	**LAN:- 610139211230532.** 1. ਮੁਹੰਮਦ ਆਮਿਰ 2. ਹਸੀਨਾ ਸੁਪਤਨੀ ਮੀਰ ਹਸਨ	ਪਿੰਡ ਜਮਾਲਪੁਰ ਅਵਾਨਾ ਇਲਾਕਾ ਮਹਾਤਮਾ ਇਨਕਲੇਵ ਵਜੋਂ ਜਾਣੂੰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2011-2012 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 7//2, 3, 9, 10, 11, 20/1, 20/3, 26, 19, 1//24/1, 7//1/2, 7/2/2, 4/2, 1/1, 4/1, 8, 12, 13/1, 14/1, 1//23, ਖਾਤਾ ਨੰ. 142/144, 146, 149/153 ਵਿਚ ਸ਼ਾਮਲ 87 ਵਰਗ ਗਜ਼ ਮਾਪ ਵਾਲਾ ਮਕਾਨ ਨੰ. 107, ਹੱਦਾਂ ਨਿਮਨ ਅਨੁਸਾਰ :- **ਪੂਰਬ** : ਗੁਆਂਢੀ ਮਾਪ 29', **ਪੱਛਮ** : ਗਲੀ 29', **ਉੱਤਰ** : ਗੁਆਂਢੀ ਮਾਪ 40', **ਦੱਖਣ** : ਗਲੀ ਮਾਪ 40'	**25.11.2023 Rs. 16,11,435 /-** (ਰੁ. ਸੋਲਾਂ ਲੱਖ ਗਿਆਰਾਂ ਹਜ਼ਾਰ ਚਾਰ ਸੌ ਪੈਂਤੀ ਕੇਵਲ) **17.11.2023 ਦੇ ਅਨੁਸਾਰ**	**02.05.2024 (ਸੰਕੇਤਕ ਕਬਜ਼ਾ)**

ਸਥਾਨ : ਪਟਿਆਲਾ, ਲੁਧਿਆਣਾ, ਪੰਜਾਬ
ਮਿਤੀ : 02.05.2024

ਸਹੀ/-
ਅਧਿਕਾਰਤ ਅਧਿਕਾਰੀ
ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ
(ਸਾਬਕਾ ਤੌਰ 'ਤੇ ਫੂਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ)

ਯੂਨੀਅਨ ਬੈਂਕ ਆਫ ਇੰਡੀਆ — Union Bank of India

ਭਾਰਤ ਸਰਕਾਰ ਦੀ ਅਦਾਰਾ — A Government of India Undertaking

ਮੰਗ ਸੂਚਨਾ ਦਾ ਪ੍ਰਕਾਸ਼ਨ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਦੇ ਪੁਨਰ ਭੁਗਤਾਨ ਅਤੇ ਵਿਆਜ ਦੇ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੇ ਅਸਾਸਿਆਂ ਵਿਚ ਤਬਦੀਲ ਹੋ ਗਈਆਂ ਹਨ। ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਬੈਂਕ ਦੇ ਅਧਿਕਾਰਤ ਅਧਿਕਾਰੀ ਵੱਲੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀ ਧਾਰਾ 13 (2) ਅਧੀਨ ਸੂਚਨਾ ਭੇਜੀ ਗਈ ਸੀ। ਫਿਰ ਵੀ, ਕੁਝ ਮਾਮਲਿਆਂ ਵਿਚ ਸੂਚਨਾਵਾਂ ਬਿਨਾਂ ਤਾਮੀਲ ਤੋਂ ਪਰਤ ਆਈਆਂ ਹਨ ਅਤੇ ਕੁਝ ਹੋਰ ਮਾਮਲਿਆਂ ਵਿਚ ਪਹੁੰਚ ਰਸੀਦਾਂ ਪ੍ਰਾਪਤ ਨਹੀਂ ਕੀਤੀਆਂ ਗਈਆਂ। ਇਸ ਲਈ ਕਰਜ਼ਦਾਰਾਂ/ਜ਼ਾਮਨਾਂ ਨੂੰ ਇਸ ਦੁਆਰਾ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

ਸ਼ਾਖਾ ਅਤੇ ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਦੇ ਨਾਮ	ਸੰਪੱਤੀਆਂ ਦੇ ਵੇਰਵੇ	ਐਨਪੀਏ ਦੀ ਮਿਤੀ	ਮੰਗ ਸੂਚਨਾ ਦੀ ਮਿਤੀ	ਬਕਾਇਆ ਰਕਮ
ਸ਼ਾਖਾ: ਬਡ਼ੌਦੀ ਸ਼ਾਖਾ (1) **ਕਰਜ਼ਦਾਰਾਂ**: 1(1) **ਸੁਮਨ ਦੇਵੀ ਪਤਨੀ** ਸ੍ਰੀ ਵਿਜੈ ਕੁਮਾਰ, ਮਕਾਨ ਨੰ. 396, ਕ੍ਰਿਸ਼ਨਾ ਇਨਕਲੇਵ, ਸਰਪੰਚ ਕਲੋਨੀ, ਪਿੰਡ ਝਾਮਪੁਰ, ਹੱਦਬਸਤ ਨੰ. 22, ਤਹਿਸੀਲ ਅਤੇ ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ-160014, **ਦੂਜਾ ਪਤਾ**: **ਸੁਮਨ ਦੇਵੀ** ਪਤਨੀ ਸ੍ਰੀ ਵਿਜੈ ਕੁਮਾਰ, ਮਕਾਨ ਨੰ. 599, ਮਿਲਕ ਕਲੋਨੀ, ਧਨਾਸ, ਚੰਡੀਗੜ੍ਹ-160014, 1(2) **ਵਿਜੈ ਕੁਮਾਰ** ਸਪੁੱਤਰ ਸ਼ਿਵ ਕੁਮਾਰ, ਮਕਾਨ ਨੰ. 396, ਕ੍ਰਿਸ਼ਨਾ ਇਨਕਲੇਵ, ਸਰਪੰਚ ਕਲੋਨੀ, ਪਿੰਡ ਝਾਮਪੁਰ, ਹੱਦਬਸਤ ਨੰ. 22, ਤਹਿਸੀਲ ਅਤੇ ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ-160014, (2) **ਜ਼ਾਮਨ/ਾਂ**: 1(1) **ਅਮਰ ਸਾਹਨੀ**, ਮਕਾਨ ਨੰ. 181/1, ਬਲਾਕ ਬੀ, ਨਹਿਰੂ ਕਲੋਨੀ, ਕੁਜਹੇੜੀ, ਸੈਕਟਰ 36, ਚੰਡੀਗੜ੍ਹ-160036	ਵਿਕਰੀ ਡੀਡ ਵਸੀਕਾ ਨੰ. 5136 ਮਿਤੀ 20.11.2017 ਦੇ ਅਧੀਨ ਸ੍ਰੀਮਤੀ ਸੁਮਨ ਦੇਵੀ ਦੇ ਨਾਮ 'ਤੇ ਮਕਾਨ ਨੰ. 165 (ਨਵਾਂ ਨੰ. 396) ਕ੍ਰਿਸ਼ਨਾ ਇਨਕਲੇਵ, ਸਰਪੰਚ ਕਲੋਨੀ, ਪਿੰਡ ਝਾਮਪੁਰ, ਹੱਦਬਸਤ ਨੰ. 22, ਤਹਿਸੀਲ ਅਤੇ ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ-160014 ਵਿਖੇ ਸਥਿਤ ਖਾਤਾ ਨੰ. 246/277, ਖਸਰਾ ਨੰ. 7//21/1 (0-9), 21/3 (6-7), 8//16/1 (1-10), 16/3 (5-9), 25 (6-16), 13//5 (7-8), 6 (7-8), 14//1/1 (3-8), 10/2 (0-6) ਵਿੱਚ ਸ਼ਾਮਲ 29 ਕਨਾਲ 1 ਮਰਲੇ ਵਿਚੋਂ 15/7029ਵਾਂ ਹਿੱਸਾ ਯਾਨੀ 1 ਮਰਲਾ 6 ਸਰਸਾਹੀ (12x37-1/2 ਫੁੱਟ ਯਾਨੀ 50 ਵਰਗ ਗਜ਼) ਪੈਮਾਇਸ਼ ਵਾਲਾ ਰਿਹਾਇਸ਼ੀ ਮਕਾਨ। **ਹੱਦਬੰਦੀ: ਪੂਰਬ**: ਹੋਰ ਮਾਲਕ, **ਪੱਛਮ**: ਗਲੀ, **ਉੱਤਰ**: ਕੁਸਮਾ ਦੇਵੀ, **ਦੱਖਣ**: ਅਨਿਲ ਕੁਮਾਰ।	18/01/2024	28/03/2024	Rs. 8,47,196.02/- ਅਤੇ ਹੋਰ ਬਣਦੇ ਵਿਆਜ
ਸ਼ਾਖਾ: ਬਡ਼ੌਦੀ ਸ਼ਾਖਾ (1) **ਕਰਜ਼ਦਾਰਾਂ**: 1(1) **ਹਰਦੀਪ ਸਿੰਘ** ਸਪੁੱਤਰ ਗੁਰਦਰਸ਼ਨ ਸਿੰਘ, ਵਾਰਡ ਨੰ. 2, ਗੁੱਗਾ ਮਾੜੀ ਦੇ ਪਿੱਛੇ, ਕੁਰਾਲੀ, ਹੱਦਬਸਤ ਨੰ. 121, ਤਹਿਸੀਲ ਖਰੜ, ਜ਼ਿਲ੍ਹਾ ਐਸਏਐਸ ਨਗਰ, ਪੰਜਾਬ-140103, **ਦੂਜਾ ਪਤਾ**: ਹਰਦੀਪ ਸਿੰਘ ਪੁੱਤਰ ਗੁਰਦਸ਼ਨ ਸਿੰਘ, ਪਿੰਡ ਲੋਹਾਰੀ, ਸਿੰਘ ਭਗਵੰਤ ਕੌਰ, ਤਹਿਸੀਲ ਅਤੇ ਜ਼ਿਲ੍ਹਾ ਰੂਪਨਗਰ, ਪੰਜਾਬ-140108, (2) **ਜ਼ਾਮਨ/ਾਂ**: 2(1) **ਕੁਲਵੰਤ ਸਿੰਘ** ਸਪੁੱਤਰ ਜੋਗਿੰਦਰ ਸਿੰਘ, ਪਿੰਡ ਖਿਜਰਾਬਾਦ, ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ-140109	ਸ੍ਰੀ ਹਰਦੀਪ ਸਿੰਘ ਦੇ ਨਾਮ 'ਤੇ ਵਾਰਡ ਨੰ. 2, ਗੁੱਗਾ ਮਾੜੀ ਦੇ ਪਿੱਛੇ, ਕੁਰਾਲੀ, ਹੱਦਬਸਤ ਨੰ. 121, ਤਹਿਸੀਲ ਖਰੜ, ਜ਼ਿਲ੍ਹਾ ਐਸਏਐਸ ਨਗਰ, ਪੰਜਾਬ-140103 ਵਿਖੇ ਸਥਿਤ ਖਾਤਾ ਨੰ. 1280/1466, ਖਸਰਾ ਨੰ. 41//11/1 (1-9), 20/4 (1-16), 42//15/2 (2-1), 16 (7-7) ਵਿੱਚ ਸ਼ਾਮਲ 12 ਕਨਾਲ 13 ਮਰਲੇ ਦਾ 8/253ਵਾਂ ਹਿੱਸਾ ਯਾਨੀ 8 ਮਰਲੇ (240 ਵਰਗ ਗਜ਼) ਪੈਮਾਇਸ਼ ਵਾਲਾ ਰਿਹਾਇਸ਼ੀ ਮਕਾਨ। **ਹੱਦਬੰਦੀ (ਮੁਲਾਂਕਨ ਰਿਪੋਰਟ ਅਨੁਸਾਰ)**: **ਪੂਰਬ**: ਹੋਰ ਮਾਲਕ ਦਾ ਪਲਾਟ, **ਪੱਛਮ**: ਹੋਰ ਮਾਲਕ ਦੀ ਸੰਪੱਤੀ, **ਉੱਤਰ**: ਮਾਲਕ ਦੀ ਸੰਪੱਤੀ, **ਦੱਖਣ**: ਗਲੀ।	01/03/2024	28/03/2024	Rs. 5,43,222.84/- ਅਤੇ ਹੋਰ ਬਣਦੇ ਵਿਆਜ
ਸ਼ਾਖਾ: ਫ਼ਤਿਹਗੜ੍ਹ ਸਾਹਿਬ (1) **ਸ੍ਰੀ ਮਨਜੀਤ ਸਿੰਘ ਪੁੱਤਰ** ਸ਼ਮਸ਼ੇਰ ਸਿੰਘ, ਵਾਸੀ ਬਾਜਵਾ ਕੰਪਲੈਕਸ, ਬੱਸੀ ਰੋਡ, ਨੇੜੇ ਆਮ ਖਾਸ ਬਾਗ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ (ਸਹਿ-ਦੇਣਦਾਰ), (2) **ਸ੍ਰੀਮਤੀ ਗੁਰਚਰਨ ਕੌਰ** ਸੁਪਤਨੀ ਸ੍ਰੀ ਗੁਰਬਖ਼ਸ਼ ਸਿੰਘ, ਵਾਸੀ ਮਕਾਨ ਨੰ. 2186/2, ਸਾਹਮਣੇ ਸਰਕਾਰੀ ਸਕੂਲ, ਬ੍ਰਾਹਮਣਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ (ਸਹਿ-ਬਿਨੈਕਾਰ), (3) **ਮ੍ਰਿਤਕ ਸ੍ਰੀ ਸੁਰਿੰਦਰ ਸਿੰਘ** ਸਪੁੱਤਰ ਗੁਰਬਖ਼ਸ਼ ਸਿੰਘ ਦੀ ਅਸਟੇਟ ਵਾਸੀ ਮਕਾਨ ਨੰ. 2186/2, ਸਾਹਮਣੇ ਸਰਕਾਰੀ ਸਕੂਲ, ਬ੍ਰਾਹਮਣਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੀ ਪ੍ਰਤੀਨਿਧਤਾ ਕਰਦੇ ਹੋਏ 3(1) **ਮਿਸ. ਅਸ਼ਵਿੰਦਰ ਕੌਰ** ਸੁਪਤਨੀ ਸ੍ਰੀ ਸੁਰਿੰਦਰ ਸਿੰਘ, ਵਾਸੀ ਮਕਾਨ ਨੰ. 2186/2, ਸਾਹਮਣੇ ਸਰਕਾਰੀ ਸਕੂਲ, ਬ੍ਰਾਹਮਣਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, 3(2) **ਸ੍ਰੀ ਜਸਪ੍ਰੀਤ ਸਿੰਘ ਸਪੁੱਤਰ** ਸਵ. ਸੁਰਿੰਦਰ ਸਿੰਘ, ਵਾਸੀ ਮਕਾਨ ਨੰ. 2186/2, ਸਾਹਮਣੇ ਸਰਕਾਰੀ ਸਕੂਲ, ਬ੍ਰਾਹਮਣਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, 3(3) **ਸੁਖਪ੍ਰੀਤ ਕੌਰ ਸਪੁੱਤਰੀ** ਸਵ. ਸੁਰਿੰਦਰ ਸਿੰਘ ਵਾਸੀ ਮਕਾਨ ਨੰ. 2186/2, ਸਾਹਮਣੇ ਸਰਕਾਰੀ ਸਕੂਲ, ਬ੍ਰਾਹਮਣਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, 3(4) **ਸ੍ਰੀਮਤੀ ਗੁਰਚਰਨ ਕੌਰ** ਸੁਪਤਨੀ ਸ੍ਰੀ ਗੁਰਬਖ਼ਸ਼ ਸਿੰਘ ਵਾਸੀ ਮਕਾਨ ਨੰ. 2186/2, ਸਾਹਮਣੇ ਸਰਕਾਰੀ ਸਕੂਲ, ਬ੍ਰਾਹਮਣਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, 3(5) **ਹੋਰ ਨਾ ਜਾਣੂ ਕਾਨੂੰਨੀ ਵਾਰਸਾਨ।**	ਵਿਕਰੀ ਡੀਡ ਵਸੀਕਾ ਨੰ. 3778 ਮਿਤੀ 29.03.1983 ਦੇ ਅਧੀਨ ਸ੍ਰੀਮਤੀ ਗੁਰਚਰਨ ਕੌਰ ਪਤਨੀ ਗੁਰਬਖ਼ਸ਼ ਸਿੰਘ ਦੇ ਨਾਮ 'ਤੇ ਪਿੰਡ ਬ੍ਰਾਹਮਣ ਮਾਜਰਾ ਦੀ ਮਾਲੀਆ ਅਸਟੇਟ ਦੇ ਅੰਦਰ, ਤਹਿਸੀਲ ਅਤੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਖੇਵਟ ਨੰ. 137, ਖਤੌਨੀ ਨੰ. 477/1, ਖਸਰਾ ਨੰ. 1/2/1 (0-10) (ਮੌਜੂਦਾ ਖੇਵਟ ਨੰ. 329, ਖਤੌਨੀ ਨੰ. 762, ਖਸਰਾ ਨੰ. 191/1/2/1 (0-10) ਜਮ੍ਹਾਂਬੰਦੀ ਸਾਲ 2010-11 ਅਨੁਸਾਰ) ਵਿੱਚ ਸ਼ਾਮਲ ਕੁੱਲ ਜ਼ਮੀਨ ਮਾਪ 0 ਕੇ-10 ਐਮ ਵਿਚੋਂ 0 ਕੇ-3 ਐਮ ਮਾਪ ਵਾਲੀ ਅਚੱਲ ਸੰਪੱਤੀ। **ਹੱਦਬੰਦੀ: ਪੂਰਬ**: ਰਮਿੰਦਰ ਸ਼ਰਮਾ ਸੈਲਰ ਸਾਈਡ 30 ਫੁੱਟ, **ਪੱਛਮ**: ਸੈਲਰ ਸਾਈਡ 30 ਫੁੱਟ, **ਉੱਤਰ**: ਸਰੂਪ ਸਿੰਘ ਦਾ ਮਕਾਨ ਸਾਈਡ 30 ਫੁੱਟ, **ਦੱਖਣ**: ਗਲੀ 10 ਫੁੱਟ ਚੌੜੀ ਸਾਈਡ 30 ਫੁੱਟ।	27/02/2023	16/02/2024	Rs. 4,21,397.41/- ਅਤੇ ਹੋਰ ਬਣਦੇ ਵਿਆਜ

ਨੋਟ ਕੀਤਾ ਜਾਵੇ ਕਿ ਕਾਨੂੰਨ ਦੀ ਧਾਰਾ 13 (8) ਦੀਆਂ ਵਿਵਸਥਾਵਾਂ ਦੇ ਅਧੀਨ ਸੁਰੱਖਿਅਤ ਸੰਪੱਤੀਆਂ ਦੀ ਲੀਜ਼, ਅਸਾਈਨਮੈਂਟ ਜਾਂ ਵਿਕਰੀ ਦੇ ਮਾਧਿਅਮ ਦੁਆਰਾ ਤਬਾਦਲੇ ਦੇ ਲਈ ਜਨਤਕ ਜਾਂ ਨਿੱਜੀ ਸੰਧੀ ਤੋਂ ਜਨਤਕ ਨਿਲਾਮੀ ਜਾਂ ਕੁਟੇਸ਼ਨ ਮੰਗ ਜਾਂ ਟੈਂਡਰ ਦੇ ਲਈ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਬੈਂਕ ਵੱਲੋਂ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚਿਆਂ ਸਮੇਤ ਬੈਂਕ ਦੇ ਬਕਾਇਆਂ ਦਾ ਭੁਗਤਾਨ ਕਰਨ ਦੁਆਰਾ ਤੁਹਾਨੂੰ ਸੰਪੱਤੀ ਦੀ ਪੁਨਰ ਪ੍ਰਾਪਤੀ ਦਾ ਅਧਿਕਾਰ ਉਪਲਬਧ ਹੈ। ਉਕਤ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ **60 ਦਿਨਾਂ** ਦੇ ਲੰਘਣ ਉਪਰੰਤ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ** 2002 ਦੀਆਂ ਵਿਵਸਥਾਵਾਂ ਅਨੁਸਾਰ ਅਗਲੇਰੇ ਕਦਮ ਚੁੱਕੇ ਜਾਣਗੇ। ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਚਨਾ ਦੀ ਕਾਪੀ ਹਰੇਕ ਖਾਤੇ ਨਾਲ ਦਰਸਾਈ ਸਬੰਧਤ ਸ਼ਾਖਾ ਤੋਂ ਪ੍ਰਾਪਤ ਕਰ ਲੈਣ।

ਮਿਤੀ : 04.05.2024 — ਸਹੀ/- ਅਧਿਕਾਰਤ ਅਧਿਕਾਰੀ

ਯੂਕੋ ਬੈਂਕ — UCO BANK

ਸਨਮਾਨ ਤੁਹਾਡੇ ਵਿਸ਼ਵਾਸ ਦਾ — Honours your trust

ਈ-ਨਿਲਾਮੀ ਵਿਕਰੀ ਸੂਚਨਾ

ਯੂਕੋ ਬੈਂਕ ਜ਼ੋਨਲ ਦਫ਼ਤਰ, ਚੰਡੀਗੜ੍ਹ - ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ - 160017, ਫੋਨ. : 0172-5037339, 5037340, ਈ-ਮੇਲ : zochng.rec@ucobank.co.in

ਸਰਫਾਇਸੀ ਐਕਟ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ

ਜਿਥੇ ਕਿ, ਨਿਮਨ ਅਨੁਸਾਰ **ਯੂਕੋ ਬੈਂਕ, ਸਬੰਧਤ ਸ਼ਾਖਾਵਾਂ** ਦੇ ਅਧਿਕਾਰਤ ਅਧਿਕਾਰੀ ਨੇ (ਸਰਫਾਇਸੀ) ਐਕਟ 2002 ਦੀ ਧਾਰਾ 13 (4) ਅਧੀਨ **"ਜਿਵੇਂ ਹੈ ਜਿਥੇ ਹੈ ਆਧਾਰ"** ਅਤੇ **"ਜਿਵੇਂ ਹੈ, ਜੋ ਹੈ ਆਧਾਰ"** ਅਤੇ **"ਜੋ ਵੀ ਉਥੇ ਹੈ ਆਧਾਰ"** ਅਤੇ **"ਬਿਨਾਂ ਸਹਾਰਾ ਆਧਾਰ"** 'ਤੇ ਸੰਪੱਤੀ ਨੂੰ ਵੇਚਣ ਦੇ ਅਧਿਕਾਰ ਸਮੇਤ ਨਿਮਨਲਿਖਤ ਕਰਜ਼ ਖਾਤੇ ਵਿਚ ਸਰਫਾਇਸੀ ਐਕਟ ਦੀ **ਧਾਰਾ** 13 (4) ਦੇ ਅਧੀਨ ਜਾਰੀ ਕੀਤੀ ਸੂਚਨਾ ਵਿਚ ਨਿਮਨਲਿਖਤ ਸੰਪੱਤੀਆਂ ਦਾ ਕਬਜ਼ਾ ਲੈ ਲਿਆ ਸੀ, ਉਹ ਦਰਸਾਈਆਂ ਸੰਪੱਤੀਆਂ ਦੀ ਵਿਕਰੀ ਦੁਆਰਾ ਬੈਂਕ ਦੇ ਬਕਾਇਆਂ ਦੀ ਪੂਰਤੀ ਦਾ ਉਦੇਸ਼ ਰੱਖਦੇ ਹਨ। ਵਿਕਰੀ ਵੈਬਸਾਈਟ 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਦੁਆਰਾ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ।

ਲ. ਨੰ.	ਸ਼ਾਖਾ ਦਾ ਨਾਮ ਅਤੇ ਕਰਜ਼ਦਾਰ ਅਤੇ ਜ਼ਾਮਨ ਦਾ ਨਾਮ	ਅਚੱਲ ਸੰਪੱਤੀਆਂ ਦੇ ਵੇਰਵੇ	ਕਬਜ਼ੇ ਦੀ ਮਿਤੀ/ ਕਬਜ਼ੇ ਦਾ ਸਰੂਪ (ਭੌਤਿਕ ਜਾਂ ਸੰਕੇਤਕ)	ਮੰਗ ਸੂਚਨਾ ਦੀ ਮਿਤੀ ਅਤੇ ਰਕਮ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਸਬੰਧਤ ਅਧਿਕਾਰੀ ਦੇ ਵੇਰਵੇ	ਨਿਲਾਮੀ ਦੀ ਮਿਤੀ ਅਤੇ ਸਮਾਂ
1.	ਮਿਡ ਕਾਰਪੋਰੇਟ ਲੁਧਿਆਣਾ (2066) **ਮੈਸ. ਸੈਵਨ ਸੀਜ਼ ਇੰਟਰਨੈਸ਼ਨਲ, ਪ੍ਰੋਪ.-ਸ੍ਰੀ, ਅਰਜੁਨ ਅਰੋੜਾ, ਜ਼ਾਮਨ (ਾਂ):- ਰਾਜੀਵ ਅਰੋੜਾ** ਸਪੁੱਤਰ ਸ੍ਰੀ ਜਗਦੀਸ਼ ਅਰੋੜਾ, 2581/10 ਆਰਕੇ ਰੋਡ, ਚੀਮਾ ਚੌਕ ਲੁਧਿਆਣਾ-141003, ਪੰਜਾਬ।	ਸਬ-ਰਜਿਸਟਰਾਰ ਲੁਧਿਆਣਾ (ਪੂਰਬ) ਦੇ ਦਫਤਰ ਵਿਚ ਪੂਰਨ ਪੰਜੀਕ੍ਰਿਤ ਸ੍ਰੀ ਰਾਜੀਵ ਅਰੋੜਾ ਸਪੁੱਤਰ ਸ੍ਰੀ ਜਗਦੀਸ਼ ਅਰੋੜਾ ਦੇ ਨਾਮ 'ਤੇ ਵਿਕਰੀ ਡੀਡ ਨੰ. 19314 ਮਿਤੀ 18.01.2017 ਦੇ ਅਨੁਸਾਰ ਪਲਾਟ ਨੰ. 12-ਏ, ਪਹਿਲੀ ਮੰਜ਼ਿਲ, ਸੈਕਟਰ 40, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਲੁਧਿਆਣਾ, ਜ਼ਿਲ੍ਹਾ ਲੁਧਿਆਣਾ ਵਿਖੇ 58.89 ਵਰਗ ਗਜ਼ ਮਾਪ ਵਾਲੀ ਸੰਪੱਤੀ/ਮਕਾਨ ਦੇ ਸਾਰੇ ਭਾਗ ਅਤੇ ਹਿੱਸੇ।	23.11.2023 / ਭੌਤਿਕ	**26.11.2018 / Rs. 50,50,821.54**	Rs. 13,77,000/- / Rs. 1,37,700/- / Rs. 10,000/-	**ਸ੍ਰੀ ਵਿਕਾਸ ਸ਼ਰਮਾ M.: 9412103497 E-mail: ludmcc@ucobank.co.in**	**28.05.2024 11:00 A.M. to 05:00 P.M.**
2.	ਸੈਕਟਰ 22 ਚੰਡੀਗੜ੍ਹ (0134) **ਸ੍ਰੀ ਯਸ਼ ਮੱਕੜ ਅਤੇ ਰੋਹਿਤ ਮੱਕੜ, ਸ੍ਰੀ ਕਨ੍ਹੱਈਆ ਲਾਲ ਮੱਕੜ ਅਤੇ ਪੂਨਮ ਮੱਕੜ,** ਫਲੈਟ/ਫਲੋਰ ਨੰ. ਬੀ-96 (ਛੇਵੀਂ ਮੰਜ਼ਿਲ) ਪੈਰਾਡਾਈਜ਼ ਅਪਾਰਟਮੈਂਟਸ, ਮਿੱਤਲ ਟਾਊਨਸ਼ਿਪ, ਸ਼ਿਵਾਲਿਕ ਸਿਟੀ, ਲਾਂਡਰਾਂ ਰੋਡ, ਐਮਸੀ ਖਰੜ (ਐਸਏਐਸ ਨਗਰ), ਪੰਜਾਬ।	ਸ੍ਰੀ ਯਸ਼ ਮੱਕੜ ਅਤੇ ਰੋਹਿਤ ਮੱਕੜ ਦੀ ਮਾਲਕੀ ਹੇਠ ਵਿਕਰੀ ਡੀਡ ਨੰ. 6478 ਮਿਤੀ 05.02.2015 ਦੇ ਅਧੀਨ ਪੰਜੀਕ੍ਰਿਤ 1500 ਵਰਗ ਫੁੱਟ (ਕਵਰਡ ਏਰੀਆ) ਮਾਪ ਵਾਲੀ ਪਿੰਡ ਛੱਜੂਮਾਜਰਾ, ਤਹਿਸੀਲ ਖਰੜ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ ਵਿਖੇ ਸਥਿਤ ਰਕਬਾ 25 ਕਨਾਲ 16 ਮਰਲੇ ਦੇ 3/1032 ਹਿੱਸੇ ਭਾਵ 0 ਕਨਾਲ-1.5 ਮਰਲੇ ਦੇ ਖਾਤਾ ਨੰ. 174/238 ਖਸਰਾ ਨੰ. 16//11 (8-0), 12 (8-0), 19/3 (4-18), 20/1 (4-18), ਕਿਤੇ 4 ਵਿਚ ਸ਼ਾਮਲ ਫਲੈਟ ਨੰ. ਬੀ-96, ਛੇਵੀਂ ਮੰਜ਼ਿਲ, ਮਿੱਤਲ ਟਾਊਨਸ਼ਿਪ, ਪੈਰਾਡਾਈਜ਼ ਅਪਾਰਟਮੈਂਟ, ਸ਼ਿਵਾਲਿਕ ਸਿਟੀ, ਸੈਕਟਰ 127, ਖਰੜ, ਮੋਹਾਲੀ, ਪੰਜਾਬ (140307) ਵਜੋਂ ਅਚੱਲ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ।	26.04.2024 / ਭੌਤਿਕ	**12.05.2023 / Rs. 29,07,874.26**	Rs. 38,70,000/- / Rs. 3,87,000/- / Rs. 30,000/-	**ਸ੍ਰੀ ਅਭਿਜੀਤ M.: 9357653146 E-mail: cha22d@ucobank.co.in**	**28.05.2024 11:00 A.M. to 05:00 P.M.**

ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ :- 1. ਬੋਲੀਆਂ ਪ੍ਰਸਤਾਵਿਤ ਰੂਪ ਵਿਚ ਕੇਵਲ **ਆਨਲਾਈਨ** ਜਮ੍ਹਾਂ ਕੀਤੀਆਂ ਜਾਣ। ਆਨਲਾਈਨ ਬੋਲੀਆਂ **https://www.mstcecommerce.com/auctionhome/ibapi/index.jsp** 'ਤੇ ਪਹੁੰਚ ਦੁਆਰਾ ਜਮ੍ਹਾਂ ਕੀਤੀਆਂ ਜਾ ਸਕਦੀਆਂ ਹਨ। 2. ਬੋਲੀਆਂ, ਬੋਲੀ ਫਾਰਮ ਨਾਲ ਨੱਥੀ ਪਛਾਣ ਦੇ ਦਸਤਾਵੇਜ਼ ਦੇ ਉਤਾਰੇ ਸਮੇਤ ਜਮ੍ਹਾਂ ਕੀਤੀਆਂ ਜਾਣ। ਮੰਗੇ ਜਾਣ 'ਤੇ ਅਸਲ ਪਛਾਣ ਦਸਤਾਵੇਜ਼ ਜ਼ਰੂਰ ਪੇਸ਼ ਕੀਤਾ ਜਾਵੇ। 3. ਅਸਥਾਈ ਕੀਮਤ/ਰਾਖਵੀਂ ਕੀਮਤ ਦਾ 10% ਨੁਕਤਾ ਨੰ. 6 ਵਿਚ ਦਰਸਾਈ ਵੈਬਸਾਈਟ 'ਤੇ ਪਹੁੰਚ ਦੁਆਰਾ ਆਕਸ਼ਨ ਪ੍ਰੋਵਾਈਡਰ ਦੇ ਈ-ਵੈਲੇਟ ਰਾਹੀਂ ਬਿਆਨਾ ਰਕਮ ਵਜੋਂ ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ। ਕੇਵਾਈਸੀ ਦੀ ਪੜਤਾਲ ਵਿਚ ਸਰਵਿਸ ਪ੍ਰੋਵਾਈਡਰ ਦੁਆਰਾ 24 ਘੰਟੇ ਲੱਗ ਸਕਦੇ ਹਨ, ਇਸ ਲਈ ਇੱਛੁੱਕ ਬੋਲੀਕਾਰ (ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪੰਜੀਕਰਨ ਪ੍ਰਕਿਰਿਆ ਪੂਰੀ ਕਰਨ ਲਈ ਆਖ਼ਰੀ ਮਿਤੀ ਤੱਕ ਉਡੀਕ ਨਾ ਕਰਨ। ਪੋਰਟਲ 'ਤੇ ਬੋਲੀ ਪ੍ਰਦਰਸ਼ਿਤ ਨਾ ਹੋਣ ਦੀ ਸੂਰਤ ਵਿਚ, ਬੈਂਕ ਦੀ ਕੋਈ ਜੁਆਬਦੇਹੀ ਨਹੀਂ ਹੋਵੇਗੀ। ਅਧਿਕਾਰਤ ਅਧਿਕਾਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਕਿਸੇ ਇੱਕ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਨਿਲਾਮੀ ਨੂੰ ਮੁਲਤਵੀ/ਰੱਦ ਕਰਨ ਦਾ ਪੂਰਨ ਹੱਕ ਹਾਸਲ ਹੈ। 4. ਅਚੱਲ ਸੰਪੱਤੀ ਦੀ ਵਿਕਰੀ 'ਤੇ ਸਫ਼ਲ ਬੋਲੀਕਾਰ ਨੂੰ ਤੁਰੰਤ ਵਿਕਰੀ ਦਾ ਆਯੋਜਨ ਕਰ ਰਹੇ ਅਧਿਕਾਰਤ ਅਧਿਕਾਰੀ ਨੂੰ ਲੜੀ ਨੰ. 3 'ਤੇ ਬੈਂਕ ਖਾਤੇ ਵਿਚ ਆਰਟੀਜੀਐਸ/ਐਨਈਐਫਟੀ/ਮਨੀ ਟਰਾਂਸਫਰ ਰਾਹੀਂ ਵਿਕਰੀ ਕੀਮਤ ਦੀ ਰਾਸ਼ੀ ਦਾ ਪੱਚੀ ਫੀਸਦੀ (25%) ਜਮ੍ਹਾਂ ਕਰਨਾ ਹੋਵੇਗਾ, ਜਿਸ ਤੋਂ ਅਸਫ਼ਲ ਰਹਿਣ 'ਤੇ ਬਿਆਨਾ ਰਕਮ ਜਮ੍ਹਾਂ ਰਾਸ਼ੀ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਸੰਪੱਤੀ ਨੂੰ ਦੁਬਾਰਾ ਵਿਕਰੀ ਲਈ ਰੱਖ ਲਿਆ ਜਾਵੇਗਾ। 5. ਸਫਲ ਬੋਲੀਕਾਰ ਨੂੰ ਆਪਣੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਦੇ 15 (ਪੰਦਰਾਂ) ਦਿਨਾਂ ਦੇ ਅੰਦਰ ਬਕਾਇਆ ਬੋਲੀ ਰਕਮ ਜਮ੍ਹਾਂ ਕਰਨੀ ਹੋਵੇਗੀ। ਜੇਕਰ ਸਫਲ ਬੋਲੀਕਾਰ ਦਰਸਾਈ ਮਿਆਦ ਦੇ ਅੰਦਰ ਬਕਾਇਆ ਬੋਲੀ ਰਕਮ ਜਮ੍ਹਾਂ ਕਰਨ ਵਿਚ ਅਸਫ਼ਲ ਰਹਿੰਦਾ ਹੈ, ਤਾਂ ਜਮ੍ਹਾਂ ਰਕਮ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਸੰਪੱਤੀ ਦੀ ਪੁਨਰ ਵਿਕਰੀ ਕੀਤੀ ਜਾਵੇਗੀ। 6. ਇੱਛੁੱਕ ਬੋਲੀਕਾਰ ਜਿਨ੍ਹਾਂ ਨੂੰ ਲਾਗਇਨ ਆਈਡੀ ਅਤੇ ਪਾਸਵਰਡ ਦੇ ਨਿਰਮਾਣ, ਡਾਟਾ ਅਪਲੋਡ ਕਰਨ, **ਬੋਲੀ ਦਸਤਾਵੇਜ਼ ਪੇਸ਼ ਕਰਨ, ਸਿਖਲਾਈ/ਪ੍ਰਦਰਸ਼ਨ, ਆਨਲਾਈਨ ਪ੍ਰਸਪਰ ਬੋਲੀ ਦੇ ਨਿਯਮ ਅਤੇ ਸ਼ਰਤਾਂ** ਆਦਿ ਵਿਚ ਸਹਾਇਤਾ ਦੀ ਲੋੜ ਹੈ, ਉਹ ਵੈਬਸਾਈਟ **https://www.mstcecommerce.com/auctionhome/ibapi/index.jsp** ਦੇਖ ਸਕਦੇ ਹਨ, ਹੈਲਪਲਾਈਨ ਨੰਬਰ : 03322831002, 03322891401, 03322891005, 03322901004, 03322895064, ਸੰਪੱਤੀ ਸਬੰਧੀ ਕਿਸੇ ਵੀ ਪੁਛਗਿਛ ਦੇ ਲਈ ਲੜੀ ਨੰ. 1 ਲਈ ਸ੍ਰੀ ਵਿਕਾਸ਼ ਸ਼ਰਮਾ ਨੂੰ ਮੋ. : 9412103497 ਅਤੇ ਲੜੀ ਨੰ. 2 ਲਈ ਸ੍ਰੀ ਅਭਿਜੀਤ ਕੁਮਾਰ, ਮੋ: 9357653146 'ਤੇ ਸੰਪਰਕ ਕੀਤਾ ਜਾ ਸਕਦਾ ਹੈ। 7. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ ਜੇਕਰ ਕਰਜ਼ਦਾਰ ਸਫਲ ਬੋਲੀਕਾਰ (ਾਂ) ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਕਰਨ ਵਾਲੇ ਅਧਿਕਾਰਤ ਅਧਿਕਾਰੀ ਕੋਲ ਪਹਿਲਾਂ ਹੋਰਨਾਂ ਖਰਚਿਆਂ ਸਮੇਤ ਬੈਂਕ ਦੇ ਬਣਦੇ ਬਕਾਏ ਜਮ੍ਹਾਂ ਕਰ ਦਿੰਦਾ ਹੈ, ਅਜਿਹੇ ਮਾਮਲੇ ਵਿਚ ਬੈਂਕ ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਸਮੁੱਚੀ ਰਕਮ ਨੂੰ ਬਿਨਾਂ ਵਿਆਜ ਤੋਂ ਵਾਪਸ ਕਰ ਦੇਵੇਗਾ। 8. ਵਿਧਾਨਕ ਬਕਾਏ/ਸਰਕਾਰ/ਸਥਾਨਕ ਸਰਕਾਰ ਵੱਲ ਬਕਾਇਆ ਦੇਣਦਾਰੀਆਂ ਆਦਿ, ਜੇਕਰ ਕੋਈ ਹੋਣ ਸਫਲ ਬੋਲੀਕਾਰਾਂ ਵੱਲੋਂ ਸਹਿਣ ਕੀਤੇ ਜਾਣਗੇ। ਸਫਲ ਬੋਲੀਕਾਰ ਨੂੰ 1% ਦਾ ਟੀਡੀਐਸ ਸਹਿਣ ਕਰਨਾ ਹੋਵੇਗਾ, ਜੇਕਰ ਸੰਪੱਤੀ ਦੀ ਲਾਗਤ ਰੁਪਏ 50 ਲੱਖ ਤੋਂ ਵੱਧ ਹੋਵੇ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਿਲਾਮੀ ਵਿਚ ਭਾਗ ਲੈਣ ਤੋਂ ਪਹਿਲਾਂ ਸਰਵਿਸ ਪ੍ਰੋਵਾਈਡਰ ਦੀ ਵੈਬਸਾਈਟ **https://ibapi.in** ਨੂੰ ਦੇਖ ਲੈਣ ਜਾਂ ਸਬੰਧਤ ਸ਼ਾਖਾ ਪ੍ਰਬੰਧਕ ਨੂੰ ਸੰਪਰਕ ਕਰਨ। ਸਾਰੇ ਭਾਗ ਲੈਣ ਵਾਲੇ ਬੋਲੀਕਾਰਾਂ ਨੂੰ ਵੈਬਸਾਈਟ 'ਤੇ ਦਰਸਾਈਆਂ ਵਿਕਰੀ ਦੀਆਂ ਸਾਰੀਆਂ ਸ਼ਰਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਅਤੇ ਸਮਝ ਲੈਣੀਆਂ ਚਾਹੀਦੀਆਂ ਹਨ ਅਤੇ ਸਾਰੀਆਂ ਸ਼ਰਤਾਂ ਦਾ ਪਾਬੰਦ ਹੋਣਾ ਚਾਹੀਦਾ ਹੈ। ਨਿਲਾਮੀ ਵਿਕਰੀ ਸੁਰੱਖਿਅਤ ਕਰਜ਼ਦਾਤਾ ਬੈਂਕ ਦੀ ਪੁਸ਼ਟੀ ਨਾਲ ਸਬੰਧਤ ਹੈ। ਹੋਰ ਪੁਛਗਿਛ, ਜੇਕਰ ਕੋਈ ਹੋਵੇ, ਸੰਪੱਤੀਆਂ ਦੇ ਵਿਸ਼ੇਸ਼ ਵੇਰਵਿਆਂ ਵਿਚ, ਦਸਤਾਵੇਜ਼ਾਂ ਦੀ ਪੜਤਾਲ ਅਤੇ/ਜਾਂ ਵਿਕਰੀ ਦੇ **ਨਿਯਮ ਅਤੇ ਸ਼ਰਤਾਂ** ਦਫ਼ਤਰੀ ਘੰਟਿਆਂ ਦੌਰਾਨ ਉਕਤ ਦਰਸਾਏ ਅਨੁਸਾਰ **ਸਬੰਧਤ ਸ਼ਾਖਾ ਪ੍ਰਬੰਧਕਾਂ** ਤੋਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

ਸੁਰੱਖਿਆ ਵਿਆਜ (ਲਾਗੂਕਰਨ), ਨਿਯਮਾਂਵਲੀ 2002 ਦੇ ਨਿਯਮ 8 (6) ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ

ਸੰਕੇਤਕ ਕਬਜ਼ੇ ਅਧੀਨ ਸੰਪੱਤੀਆਂ ਦਾ ਭੌਤਿਕ ਕਬਜ਼ਾ ਬੈਂਕ/ ਅਦਾਲਤੀ ਹੁਕਮਾਂ ਦੁਆਰਾ ਭੌਤਿਕ ਕਬਜ਼ੇ ਨਾਲ ਸੰਬੰਧਤ ਨਿਲਾਮੀ ਖਰੀਦਦਾਰ ਨੂੰ ਦਿੱਤਾ ਜਾਵੇਗਾ।

ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਬਾਰੇ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ ਅਤੇ ਜ਼ਾਮਨ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6)/ ਨਿਯਮ 9(1) ਦੇ ਅਧੀਨ ਸੂਚਨਾ ਵਜੋਂ ਵੀ ਸਮਝਿਆ ਜਾਵੇ। ਕਰਜ਼ਦਾਰਾਂ/ਜ਼ਾਮਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਤਾਜ਼ਾ ਵਿਆਜ ਅਤੇ ਅਚਨਚੇਤੀ ਖਰਚਿਆਂ ਸਮੇਤ ਉਕਤ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਸੰਪੱਤੀਆਂ ਦੀ ਨਿਲਾਮੀ/ਵਿਕਰੀ ਕੀਤੀ ਜਾਵੇਗੀ ਅਤੇ ਬਕਾਇਆ, ਜੇਕਰ ਕੋਈ ਹੋਵੇ, ਵਿਆਜ ਅਤੇ ਲਾਗਤ ਸਮੇਤ ਵਸੂਲ ਕੀਤਾ ਜਾਵੇਗਾ।

ਮਿਤੀ : 03.05.2024 — **ਸਥਾਨ** : ਚੰਡੀਗੜ੍ਹ — ਅਧਿਕਾਰਤ ਅਧਿਕਾਰੀ

GRIHUM HOUSING FINANCE — Apna Ghar. Apni Pehchan.

ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

(ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)

ਰਜਿ. ਦਫਤਰ : 602, 6ਵੀਂ ਮੰਜ਼ਿਲ, ਜ਼ੀਰੋ ਵਨ ਆਈਟੀ ਪਾਰਕ, ਲੜੀ ਨੰ. 79/1, ਘੋਰਪੜੀ, ਮੁੰਢਵਾ ਰੋਡ, ਪੂਣੇ-411036,
ਸ਼ਾਖਾ ਦਫਤਰ ਇਕਾਈ : ਦੂਜੀ ਮੰਜ਼ਿਲ, ਫਰੈਂਡਜ਼ ਪਲਾਜ਼ਾ, ਐਮ-52/53, ਈਸ਼ਵਰ ਨਗਰ, ਨਵੀਂ ਦਿੱਲੀ-110065

ਈ-ਨਿਲਾਮੀ - ਵਿਕਰੀ ਸੂਚਨਾ

ਸਰਫਾਇਸੀ ਐਕਟ ਦੇ ਅਧੀਨ ਸੁਰੱਖਿਅਤ ਅਚੱਲ ਅਸਾਸੇ ਦੀ ਵਿਕਰੀ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ("ਕਾਨੂੰਨ") ਦੇ ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ (ਾਂ) /ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਜਿਵੇਂ ਕਿ 17 ਨਵੰਬਰ 2023 ਤੋਂ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਬਦਲ ਕੇ ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ ਹੋ ਗਿਆ ਹੈ) (ਬੀਤੇ ਵਿਚ ਮੈਗਮਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਅਤੇ ਮੂਲ ਰੂਪ ਵਿਚ ਜੀਈ ਮਨੀ ਹਾਊਸਿੰਗ ਫਾਇਨਾਂਸ ਪਬਲਿਕ ਅਨਲਿਮਟਿਡ ਕੰਪਨੀ ਦੇ ਨਾਮ ਨਾਲ ਨਿਗਮਿਤ)** (ਇਥੇ ਬਾਅਦ ਵਿਚ ਕਾਨੂੰਨ ਦੇ ਅਨੁਸਾਰ "ਸੁਰੱਖਿਅਤ ਕਰਜ਼ਦਾਤਾ" ਵਜੋਂ ਸੰਦਰਭਿਤ) ਕੋਲ ਗਿਰਵੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਸੂਚਨਾ ਦੀ ਨਿਰੰਤਰਤਾ ਵਿਚ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ।

ਸੁਰੱਖਿਅਤ ਅਸਾਸਿਆਂ ਦੀ ਵਿਕਰੀ ਈ-ਨਿਲਾਮੀ ਰਾਹੀਂ 07.06.2024 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** ਅਧਾਰ 'ਤੇ ਕੀਤੀ ਜਾਵੇਗੀ।ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਵੈਬਸਾਈਟ : **https://www.bankeauctions.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਜਨਤਕ ਨਿਲਾਮੀ ਦਾ ਆਯੋਜਨ ਕਰਨ ਜਾ ਰਹੇ ਹਾਂ। **ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ ਜੀਐਚਐਫਐਲ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਭਾਵ www.grihumhousing.com ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।**

ਪ੍ਰਸਤਾਵ ਨੰ. ਗ੍ਰਾਹਕ ਦਾ ਨਾਮ (ੳ)	ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ (ਅ)	ਕਬਜ਼ੇ ਦੀ ਕਿਸਮ (ੲ)	ਸੰਪੱਤੀ ਦਾ ਵੇਰਵਾ (ਸ)	ਰਾਖਵੀਂ ਕੀਮਤ (ਹ)	ਜਮ੍ਹਾਂ ਬਿਆਨਾ (ਆਰਪੀ ਦਾ 10%)(ਕ)	ਜਮ੍ਹਾਂ ਬਿਆਨਾ ਜਮ੍ਹਾਂ ਕਰਵਾਉਣ ਦੀ ਮਿਤੀ(ਖ)	ਬੋਲੀ ਵਾਧਾ ਰਕਮ (ਗ)	ਸੰਪੱਤੀ ਜਾਂਚ ਦੀ ਮਿਤੀ ਅਤੇ ਸਮਾਂ (ਘ)	ਨਿਲਾਮੀ ਦੀ ਮਿਤੀ ਅਤੇ ਸਮਾਂ(ਙ)	ਜਾਣੂੰ ਦੇਣਦਾਰੀਆ/ਕੋਰਟ ਕੇਸ ਜੇਕਰ ਕੋਈ ਹੋਵੇ (ਚ)
ਕਰਜ਼ ਨੰ. ਐਚਐਫ/0038/ਐਚ/21/100273 ਬਲਰਾਮ ਮਹਿਤਾ (ਕਰਜ਼ਦਾਰ) ਪਿੰਕੀ (ਸਹਿ-ਕਰਜ਼ਦਾਰ)	**ਸੂਚਨਾ ਦੀ ਮਿਤੀ** : 07.10.2023 **ਕੁੱਲ ਬਕਾਏ** : ਰੁ. 805582.44 (ਰੁਪਏ ਅੱਠ ਲੱਖ ਪੰਜ ਹਜ਼ਾਰ ਪੰਜ ਸੌ ਬਿਆਸੀ ਅਤੇ ਚੁਤਾਲੀ ਪੈਸੇ ਕੇਵਲ) 07.10.2023 ਦੇ ਅਨੁਸਾਰ ਅਦਾਇਗੀਯੋਗ, ਪੂਰਤੀ ਹੋਣ ਤੱਕ 13.25% ਸਲਾਨਾ ਦੀ ਦਰ 'ਤੇ ਵਿਆਜ ਸਮੇਤ।	ਭੌਤਿਕ	ਵਾਕਿਆ ਰਕਬਾ ਢਕਾਨਸੂ ਕਲਾਂ ਏਕਤਾ ਕਲੋਨੀ ਰਾਜਪੁਰਾ ਜ਼ਿਲ੍ਹਾ ਪਟਿਆਲਾ, ਮਾਪ 44 ਵਰਗ ਗਜ਼ ਰਾਜਪੁਰਾ ਸ਼ਹਿਰ, ਗੁਰਦੁਆਰਾ ਸਾਹਿਬ ਏਕਤਾ ਕਲੋਨੀ, ਪੰਜਾਬ-140401 ਵਿਖੇ ਖੇਵਟ ਖਤੌਨੀ ਨੰ. 270/505 ਖਸਰਾ ਨੰ. 741/2 (2-4) ਦੇ ਸਾਰੇ ਭਾਗ ਅਤੇ ਹਿੱਸੇ। ਪੂਰਬ ਵੱਲ : ਖਾਲੀ ਪਲਾਟ 33 ਫੁੱਟ, ਪੱਛਮ ਵੱਲ : ਕਮਲੇਸ਼ ਰਾਣੀ ਦਾ ਪਲਾਟ ਅਤੇ ਮਕਾਨ 31 ਫੁੱਟ, ਉੱਤਰ ਵੱਲ : ਸੜਕ ਚੌੜੀ 12 ਫੁੱਟ, ਦੱਖਣ ਵੱਲ : ਖਾਲੀ ਪਲਾਟ 12 ਫੁੱਟ	ਰੁ. 8,15,308/- (ਰੁਪਏ ਅੱਠ ਲੱਖ ਪੰਦਰਾਂ ਹਜ਼ਾਰ ਤਿੰਨ ਸੌ ਅੱਠ ਕੇਵਲ)	ਰੁ. 81,530.8/- (ਰੁਪਏ ਇਕਿਆਸੀ ਹਜ਼ਾਰ ਪੰਜ ਸੌ ਤੀਹ ਅਤੇ ਅੱਸੀ ਪੈਸੇ ਕੇਵਲ)	06.06.2024 ਨੂੰ ਸ਼ਾਮ 5 ਵਜੇ ਤੋਂ ਪਹਿਲਾਂ	10,000/-	31.05.2024 (ਸਵੇਰੇ 11-ਸ਼ਾਮ 4)	07.06.2024 (ਸਵੇਰੇ 11- ਦੁਪਹਿਰ 2)	ਕੋਈ ਨਹੀਂ/ਕੋਈ ਨਹੀਂ

ਇੱਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੁਰੱਖਿਅਤ ਕਰਜ਼ਦਾਤਾ ਸ਼ਾਖਾ ਅਤੇ ਨਿਲਾਮੀ 'ਤੇ ਰੱਖੀਆਂ ਸੰਪੱਤੀਆਂ ਦੇਖਣ ਅਤੇ ਆਪਣੀ ਪੁਛਗਿੱਛ ਖੁਦ ਕਰ ਲੈਣ ਅਤੇ ਵਾਧੂ ਫੀਸਾਂ, ਦੇਣਦਾਰੀਆਂ ਅਤੇ ਕਿਸੇ ਵੀ ਤੀਜੀ ਧਿਰ ਦੇ ਹਿੱਤਾਂ ਨੂੰ ਯਕੀਨੀ ਬਣਾ ਲੈਣ ਅਤੇ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਹਰ ਪੱਖ ਤੋਂ ਆਪਣੀ ਤਸੱਲੀ ਕਰ ਲੈਣ। ਸਾਰੇ ਵਿਧਾਨਿਕ ਬਕਾਏ ਜਿਵੇਂ ਕਿ ਸੰਪੱਤੀ ਕਰ, ਬਿਜਲੀ/ਪਾਣੀ ਦੇ ਬਕਾਏ ਅਤੇ ਕੋਈ ਵੀ ਹੋਰ ਬਕਾਏ, ਜੇਕਰ ਕੋਈ ਹੈ, ਸੰਪੱਤੀ ਨਾਲ ਅਟੈਚ ਉਨ੍ਹਾਂ ਦਾ ਵੇਰਵਾ ਲੈਣ ਅਤੇ ਸਫਲ ਬੋਲੀਕਾਰ ਵੱਲੋਂ ਭੁਗਤਾਨ ਕੀਤਾ ਜਾਵੇ। ਇੱਛੁੱਕ ਬੋਲੀਕਾਰਾਂ ਨੂੰ ਪੋਰਟਲ ਨਾਲ ਖੁਦ ਨੂੰ ਪੰਜੀਕ੍ਰਿਤ ਕਰਨ ਅਤੇ ਨਿਲਾਮੀ ਸਰਵਿਸ ਪ੍ਰੋਵਾਈਡਰ ਸੀਵਨ ਇੰਡੀਆ ਪ੍ਰਾ.ਲਿਮ. ਤੋਂ ਅਗਾਉਂ ਤੌਰ 'ਤੇ ਲਾਗਇਨ ਆਈਡੀ ਹਾਸਲ ਕਰਨ ਦੀ ਲੋੜ ਹੈ, ਜੋ ਕਿ ਈ-ਬੋਲੀ ਲਈ ਲਾਜ਼ਮੀ ਹੈ। ਪਤਾ- ਪਲਾਟ ਨੰ. 68, ਤੀਜੀ ਮੰਜ਼ਿਲ ਗੁੜਗਾਓਂ ਹਰਿਆਣਾ-122003, ਹੈਲਪਲਾਈਨ ਨੰ. -7291981124, 25, 26 ਸਹਾਇਤਾ ਈਮੇਲ ਆਈਡੀ- Support@bankeauctions.com. ਸੰਪਰਕ ਵਿਅਕਤੀ -ਧਾਰਨੀ ਪੀ, ਈਮੇਲ ਆਈਡੀ- **dharani.p@c1india.com** ਸੰਪਰਕ ਨੰ. - 9948182222 ਕਿਰਪਾ ਕਰਕੇ ਨੋਟ ਕਰੋ ਕਿ ਇੱਛੁੱਕ ਬੋਲੀਕਾਰ ਕੇਵਲ ਉਨ੍ਹਾਂ ਤੋਂ ਹੀ ਈ-ਨਿਲਾਮੀ 'ਤੇ ਆਨਲਾਈਨ ਸਿਖਲਾਈ ਹਾਸਲ ਕਰ ਸਕਦੇ ਹਨ। ਇੱਛੁੱਕ ਖਰੀਦਦਾਰ/ਬੋਲੀਕਾਰ ਨੂੰ 06.06.2024 ਨੂੰ ਜਾਂ ਪਹਿਲਾਂ ਕਿਸੇ ਵੀ ਕੌਮੀਕ੍ਰਿਤ ਜਾਂ ਸੂਚੀਬਧ ਬੈਂਕ 'ਤੇ ਜਾਰੀ "ਗਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ" ਬੈਂਕ-ਆਈਸੀਆਈਸੀਆਈ ਬੈਂਕ ਲਿਮ ਖਾਤਾ ਨੰ. 000651000460 ਅਤੇ ਆਈਐਫਐਸਸੀ ਕੋਡ-ਆਈਸੀਆਈਸੀ0000006, 20, ਆਰਐਨ ਮੁਖਰਜੀ ਰੋਡ-ਕੋਲਕਾਤਾ-700001 ਦੇ ਖਾਤੇ ਵਿਚ ਐਨਈਐਫਟੀ/ਆਰਟੀਜੀਐਸ/ਡੀਡੀ ਦੇ ਮਾਧਿਅਮ ਦੁਆਰਾ ਬਿਆਨਾ ਰਕਮ ਜਮ੍ਹਾਂ (ਈਐਮਡੀ) ਦੀ ਰਾਸ਼ੀ ਜਮ੍ਹਾਂ ਕਰਨੀ ਹੋਵੇਗੀ ਅਤੇ ਆਪਣਾ ਨਾਮ https://www.bankeauctions.com 'ਤੇ ਪੰਜੀਕ੍ਰਿਤ ਕਰਨਾ ਹੋਵੇਗਾ ਅਤੇ ਮੁਫਤ ਵਿਚ ਯੂਜ਼ਰ ਆਈਡੀ ਅਤੇ ਪਾਸਵਰਡ ਹਾਸਲ ਕਰਨੇ ਹੋਣਗੇ ਅਤੇ ਸਰਵਿਸ ਪ੍ਰੋਵਾਈਡਰ ਤੋਂ ਈ-ਨਿਲਾਮੀ 'ਤੇ ਸਿਖਲਾਈ ਹਾਸਲ ਕਰਨੀ ਹੋਵੇਗੀ। ਵੈਬਸਾਈਟ 'ਤੇ ਉਨ੍ਹਾਂ ਦੇ ਪੰਜੀਕਰਨ ਉਪਰੰਤ ਇੱਛੁੱਕ ਖਰੀਦਦਾਰ/ਬੋਲੀਕਾਰ ਨੂੰ ਨਿਮਨਲਿਖਤ ਅਪਲੋਡ ਕੀਤੇ ਦਸਤਾਵੇਜ਼ਾਂ ਦੇ ਉਤਾਰੇ ਹਾਸਲ ਕਰਨੇ ਹੋਣਗੇ, ਈ-ਮੇਲ ਕਰਕੇ ਅਤੇ ਸਵੈ ਤਸਦੀਕਸ਼ੁਦਾ ਹਾਰਡ ਕਾਪੀ ਨੂੰ ਨਿਮਨ ਪਤੇ 'ਤੇ ਭੇਜਣਾ ਹੋਵੇਗਾ-ਪਤਾ :- ਐਸਸੀਓ 11, ਦੂਜੀ ਮੰਜ਼ਿਲ ਸੈਕਟਰ 26, ਮਧਿਆ ਮਾਰਗ, ਚੰਡੀਗੜ੍ਹ-160019 ਮੋਬਾਇਲ ਨੰ. +91 9567626050 ਈ-ਮੇਲ ਆਈਡੀ : **rahul.r1@grihumhousing.com** ਨਿਯਮ ਅਤੇ ਸ਼ਰਤਾਂ ਬਾਰੇ ਈ-ਨਿਲਾਮੀ ਵਿਚ ਭਾਗ ਲੈਣ ਲਈ ਹੋਰ ਵੇਰਵਿਆਂ ਲਈ ਕਿਰਪਾ ਕਰਕੇ **https://www.bankeauctions.com & www.grihumhousing.com** ਦੇਖੋ।

ਇਹ ਸੂਚਨਾ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ-2002 ਦੇ ਨਿਯਮ 8 (6) ਦੇ ਅਧੀਨ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ (ਾਂ)/ਜ਼ਾਮਨ (ਾਂ) ਦੇ ਲਈ 30 ਰੋਜ਼ਾ ਸੂਚਨਾ ਵਜੋਂ ਵੀ ਵਿਚਾਰੀ ਜਾਵੇ।

ਮਿਤੀ : 04.05.2024, ਸਥਾਨ : ਪੰਜਾਬ

ਸਹੀ/- ਅਧਿਕਾਰਤ ਅਧਿਕਾਰੀ, ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ [redacted]